BC Epilepsy Society

## ਗਰਭ ਅਤੇ ਵਿਕਸਿਤ ਹੋ ਰਿਹਾ ਬੱਚਾ (Pregnancy and the Developing Child)

### ਜੇ ਮੈਂ ਗਰਭਵਤੀ ਹੋ ਜਾਵਾਂ ਤਾਂ ਮੇਰੇ ਤੰਦਰੁਸਤ ਬੱਚਾ ਹੋਣ ਦੇ ਕਿੰਨੇ ਕੁ ਮੌਕੇ ਹਨ?

ਨੌਰਮਲ, ਤੰਦਰੁਸਤ ਬੱਚਾ ਹੋਣ ਦੇ ਤੁਹਾਡੇ ਮੌਕੇ ਬਹੁਤ ਵਧੀਆ ਹਨ – 90 ਪ੍ਰਤੀਸ਼ਤ ਨਾਲੋਂ ਵੀ ਜ਼ਿਆਦਾ। ਪਰ, ਮਿਰਗੀ ਵਾਲੀਆਂ ਔਰਤਾਂ ਲਈ ਕੁਝ ਵਾਧੂ ਖਤਰੇ ਹਨ ਜਿਨ੍ਹਾਂ ਬਾਰੇ ਜੇ ਸੰਭਵ ਹੋਵੇ ਤਾਂ ਤੁਹਾਨੂੰ ਗਰਭਵਤੀ ਹੋਣ ਤੋਂ ਪਹਿਲਾਂ ਵਿਚਾਰ ਕਰਨੀ ਚਾਹੀਦੀ ਹੈ। ਤੁਹਾਡੇ ਨਿਊਰੋਲੋਜਿਸਟ ਅਤੇ ਤੁਹਾਡੇ ਗਾਨੋਕੋਲੋਜਿਸਟ/ਔਬਸਟੇਟਰੀਸ਼ਨ (ਔਰਤਾਂ ਦੇ ਰੋਗਾਂ ਦੇ ਮਾਹਰ ਡਾਕਟਰ) ਦੋਨਾਂ ਨੂੰ ਤੁਹਾਡੀ ਮਿਰਗੀ ਦੀਆਂ ਦਵਾਈਆਂ (ਏ ਈ ਡੀ) ’ਤੇ ਅਤੇ ਗਰਭ ਦੇ ਸ਼ੁਰੂ ਹੋਣ ਤੋਂ ਪਹਿਲਾਂ ਦਵਾਈਆਂ ਵਿਚ ਸੰਭਾਵੀ ਤਬਦੀਲੀਆਂ ’ਤੇ ਵਿਚਾਰ ਕਰਨ ਦੀ ਲੋੜ ਹੈ।

### ਗਰਭ ਲਈ ਤਿਆਰ ਹੋਣ ਲਈ ਮੇਰੇ ਲਈ ਕੀ ਕਰਨਾ ਜ਼ਰੂਰੀ ਹੈ?

ਸਾਰੀਆਂ ਔਰਤਾਂ ਜਿਹੜੀਆਂ ਇਹ ਪੱਕਾ ਕਰਨਾ ਚਾਹੁੰਦੀਆਂ ਹਨ ਕਿ ਉਨ੍ਹਾਂ ਦਾ ਬੱਚਾ ਤੰਦਰੁਸਤ ਹੋਵੇ, ਉਹ ਆਪ ਆਮ ਤੌਰ ’ਤੇ ਚੰਗੀ ਸਿਹਤ ਵਾਲੀਆਂ ਅਤੇ ਆਪਣੀ ਖੁਰਾਕ ਵੱਲ ਧਿਆਨ ਦੇਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਨੇਮ ਨਾਲ ਢੁਕਵੀਂ ਕਸਰਤ ਅਤੇ ਚੰਗਾ ਆਰਾਮ ਤੁਹਾਨੂੰ ਸਰੀਰਕ ਤੌਰ ’ਤੇ ਫਿੱਟ ਰੱਖਣਗੇ ਅਤੇ ਤੁਹਾਡੇ ਸਟਰੈੱਸ ਨੂੰ ਕਾਬੂ ਰੱਖਣ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਨ।

ਖਾਸ ਕਿਸਮਾਂ ਦੇ ਜਮਾਂਦਰੂ ਵਿਗਾੜਾਂ ਦੇ ਖਤਰੇ ਨੂੰ ਘੱਟ ਕਰਨ ਲਈ, ਗਰਭ ਤੋਂ ਪਹਿਲਾਂ ਅਤੇ ਗਰਭ ਦੌਰਾਨ ਫੌਲਿਕ ਐਸਿਡ ਸਪਲੀਮੈਂਟ ਨਾਲ ਵਿਟਾਮਿਨ ਲੈਣਾ ਜ਼ਰੂਰੀ ਹੈ। ਇਨ੍ਹਾਂ ਵਿੱਚੋਂ ਬਹੁਤੀਆਂ ਸਮੱਸਿਆਵਾਂ ਕਿਉਂਕਿ ਗਰਭ ਦੇ ਬਹੁਤ ਸ਼ੁਰੂ ਵਿਚ ਆਉਂਦੀਆਂ ਹਨ (ਕਦੇ ਕਦੇ ਤਾਂ ਇਹ ਪਤਾ ਲੱਗਣ ਤੋਂ ਵੀ ਪਹਿਲਾਂ ਕਿ ਤੁਸੀਂ ਗਰਭਵਤੀ ਹੋ), ਗਰਭਵਤੀ ਹੋਣ ਤੋਂ ਪਹਿਲਾਂ ਹੀ ਸਪਲੀਮੈਂਟ ਸ਼ੁਰੂ ਕਰ ਦੇਣਾ ਸਿਆਣਪ ਹੈ। ਸਹੀ ਖੁਰਾਕ (ਡੋਜ਼) ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।

ਤੁਸੀਂ ਆਪਣੇ ਡਾਕਟਰ ਨੂੰ ਕਿਸੇ ਜੈਨੇਟਿਕਸ ਸਪੈਸ਼ਲਿਸਟ ਕੋਲ ਭੇਜੇ ਜਾਣ ਲਈ ਵੀ ਕਹਿਣਾ ਚਾਹੁੰਦੇ ਹੋ ਸਕਦੇ ਹੋ ਜੋ ਕਿ ਤੁਹਾਡੇ ਬੱਚੇ ਨੂੰ ਤੁਹਾਡੀ ਮਿਰਗੀ ਤੋਂ, ਤੁਹਾਡੀ ਮਿਰਗੀ ਦੀ ਦਵਾਈ ਤੋਂ ਅਤੇ ਵਿਰਸੇ ਵਿੱਚੋਂ ਮਿਲਣ ਵਾਲੇ ਹੋਰ ਲੱਛਣਾਂ ਤੋਂ ਖਤਰਿਆਂ ਬਾਰੇ ਪਤਾ ਲਾਉਣ ਵਿਚ ਮਦਦ ਕਰ ਸਕਦਾ ਹੋਵੇ ਜੋ ਕਿ ਤੁਹਾਡੇ ਪਰਿਵਾਰ ਵਿਚ ਮੌਜੂਦ ਹੋ ਸਕਦੇ ਹਨ।

### ਕੀ ਮੇਰੇ ਬੱਚੇ ਨੂੰ ਸੀਜ਼ਰਾਂ ਤੋਂ ਖਤਰੇ ਹੋ ਸਕਦੇ ਹਨ?

ਮਾਂ ਅਤੇ ਵਿਕਸਿਤ ਹੋ ਰਹੇ ਬੱਚੇ ਨੂੰ ਬੇਕਾਬੂ ਸੀਜ਼ਰਾਂ ਤੋਂ ਹੋਰ ਖਤਰੇ ਹਨ। ਸੀਜ਼ਰ ਡਿਗਣ ਦਾ ਕਾਰਨ ਬਣ ਸਕਦੇ ਹਨ ਜਾਂ ਬੱਚੇ ਲਈ ਆਕਸੀਜਨ ਦੀ ਘਾਟ ਪੈਦਾ ਕਰ ਸਕਦੇ ਹਨ। ਉਹ ਗਰਭਪਾਤ ਜਾਂ ਮ੍ਰਿਤਕ ਬੱਚਾ ਪੈਦਾ ਹੋਣ ਦਾ ਖਤਰਾ ਵਧਾ ਸਕਦੇ ਹਨ। ਮਿਰਗੀ ਵਾਲੀਆਂ ਬਹੁਤੀਆਂ ਔਰਤਾਂ ਲਈ, ਦਵਾਈਆਂ ’ਤੇ ਰਹਿਣ ਨਾਲ ਉਨ੍ਹਾਂ ਦੀ ਆਪਣੀ ਸਿਹਤ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਿਹਤ ਨੂੰ, ਦਵਾਈ ਬੰਦ ਕਰਨ ਅਤੇ ਨਤੀਜੇ ਵਜੋਂ ਬੇਕਾਬੂ ਸੀਜ਼ਰ ਹੋਣ ਦੇ ਖਤਰੇ ਨਾਲੋਂ ਖਤਰਾ ਘੱਟ ਹੋ ਸਕਦਾ ਹੈ।

ਮਿਰਗੀ ਵਾਲੀਆਂ ਬਹੁਤੀਆਂ ਔਰਤਾਂ ਨੂੰ ਆਪਣੀ ਸੀਜ਼ਰ ਦੀ ਦਵਾਈ ਜਾਰੀ ਰੱਖਣੀ ਚਾਹੀਦੀ ਹੈ, ਅਤੇ ਜਦੋਂ ਵੀ ਸੰਭਵ ਹੋਵੇ ਸਭ ਤੋਂ ਘੱਟ ਡੋਜ਼ ਵਾਲੀ ਸਿਰਫ ਇਕ ਦਵਾਈ ਹੀ ਲਵੋ ਜਿਹੜੀ ਸੀਜ਼ਰ ਨੂੰ ਕੰਟਰੋਲ ਕਰਦੀ ਹੋਵੇ। ਗਰਭ ਦੌਰਾਨ ਦਵਾਈਆਂ ਬਾਰੇ ਬਿਹਤਰ ਫੈਸਲੇ ਕਰਨ ਲਈ ਆਪਣੇ ਨਿਊਰੋਲੋਜਿਸਟ ਅਤੇ ਆਪਣੇ ਗਾਨੋਕੋਲੋਜਿਸਟ/ਔਬਸਟੇਟਰੀਸ਼ਨ ਨਾਲ ਕੰਮ ਕਰਨਾ ਮਹੱਤਵਪੂਰਨ ਹੈ। ਯਾਦ ਰੱਖੋ ਕਿ ਤੁਹਾਨੂੰ ਕਦੇ ਵੀ ਆਪਣੇ ਡਾਕਟਰ ਦੀ ਸਲਾਹ ਅਤੇ ਨਿਗਰਾਨੀ ਤੋਂ ਬਿਨਾਂ ਮਿਰਗੀ ਦੀ ਆਪਣੀ ਦਵਾਈ ਬੰਦ ਨਹੀਂ ਕਰਨੀ ਚਾਹੀਦੀ ਜਾਂ ਡੋਜ਼ ਬਦਲਣੀ ਨਹੀਂ ਚਾਹੀਦੀ।

### ਕੀ ਮਿਰਗੀ ਦੀ ਮੇਰੀ ਦਵਾਈ ਤੋਂ ਮੇਰੇ ਬੱਚੇ ਨੂੰ ਕੋਈ ਖਤਰੇ ਹਨ?

ਹਾਂ, ਸੀਜ਼ਰ ਤੋਂ ਦਵਾਈਆਂ ਲੈ ਰਹੀਆਂ ਮਿਰਗੀ ਵਾਲੀਆਂ ਔਰਤਾਂ ਦੇ ਬੱਚਿਆਂ ਨੂੰ ਕੁਝ ਵੱਧ ਖਤਰਾ ਹੋ ਸਕਦਾ ਹੈ। ਆਮ ਆਬਾਦੀ ਵਿਚ ਇਸ ਗੱਲ ਦੇ 2-3 ਪ੍ਰਤੀਸ਼ਤ ਮੌਕੇ ਹਨ ਕਿ ਬੱਚੇ ਵਿਚ ਜਮਾਂਦਰੂ ਨੁਕਸ ਹੋ ਸਕਦਾ ਹੈ, ਜਿਸ ਨੂੰ ਕਨਜੈਨੇਟਲ ਮਾਲਫੌਰਮੇਸ਼ਨ ਵੀ ਆਖਿਆ ਜਾਂਦਾ ਹੈ। ਸਰੀਰਕ ਨੁਕਸ ਹਨ ਜਿਹੜੇ ਕਿ ਜਨਮ ਵੇਲੇ ਮੌਜੂਦ ਹੁੰਦੇ ਹਨ। ਮਿਰਗੀ ਵਾਲੀਆਂ ਔਰਤਾਂ ਵਿਚ ਅੰਕੜਿਆਂ ਮੁਤਾਬਕ ਇਹ ਖਤਰਾ ਵਧ ਕੇ 4-6 ਪ੍ਰਤੀਸ਼ਤ ਹੈ। ਆਮ ਤੌਰ ’ਤੇ ਜੇ ਕੋਈ ਔਰਤ ਸੀਜ਼ਰ ਦੀ ਇਕ ਨਾਲੋਂ ਜ਼ਿਆਦਾ ਦਵਾਈ ਲੈ ਰਹੀ ਹੈ, ਖਾਸ ਤੌਰ ’ਤੇ ਵੱਡੀਆਂ ਖੁਰਾਕਾਂ ਵਿਚ ਤਾਂ ਜ਼ਿਆਦਾ ਖਤਰਾ ਦਿਖਾਈ ਦਿੰਦਾ ਹੈ।

### ਮੇਰੇ ਬੱਚੇ ਨੂੰ ਕਿਸ ਕਿਸਮਾਂ ਦੇ ਜਮਾਂਦਰੂ ਨੁਕਸ ਹੋ ਸਕਦੇ ਹਨ?

ਵੱਡੇ ਜਮਾਂਦਰੂ ਨੁਕਸ ਮਿਰਗੀ ਵਾਲੀਆਂ ਔਰਤਾਂ ਦੇ ਬੱਚਿਆਂ ਵਿਚ ਦੂਜੇ ਬੱਚਿਆਂ ਨਾਲੋਂ ਜ਼ਿਆਦਾ ਪਾਏ ਜਾਂਦੇ ਹਨ। ਇਸ ਕਿਸਮ ਦੇ ਜਮਾਂਦਰੂ ਨੁਕਸ ਦੀਆਂ ਉਦਾਹਰਣਾਂ ਵਿਚ ਕਲਿਫ ਲਿਪ ਜਾ ਪੈਲਟ ਹੋਣਾ (ਮੂੰਹ ਦੇ ਸਾਰੇ ਹਿੱਸੇ ਸਹੀ ਤਰ੍ਹਾਂ ਇਕੱਠੇ ਨਹੀਂ ਵਧਦੇ), ਦਿਲ ਵਿਚ ਨੁਕਸ, ਅਤੇ ਨਰਵਿਸ ਸਿਸਟਮ ਦੀਆਂ ਸਮੱਸਿਆਵਾਂ ਸ਼ਾਮਲ ਹਨ ਜਿਵੇਂ ਕਿ ਸਪਾਇਨਾ ਬੇਫੀਡਾ (ਰੀੜ੍ਹ ਦੀ ਹੱਡੀ ਦੀ ਬੀਮਾਰੀ)। ਇਨ੍ਹਾਂ ਨੁਕਸਾਂ ਨੂੰ ਠੀਕ ਕਰਨ ਲਈ ਸਰਜਰੀ ਜ਼ਰੂਰੀ ਹੋ ਸਕਦੀ ਹੈ, ਅਤੇ ਹੋ ਸਕਦਾ ਫਿਰ ਵੀ ਸਮੱਸਿਆ ਨੂੰ ਪੂਰੀ ਤਰ੍ਹਾਂ "ਠੀਕ" ਨਾ ਕੀਤਾ ਜਾ ਸਕਦਾ ਹੋਵੇ। ਹੋਰ ਸਮੱਸਿਆਵਾਂ ਵੀ ਆ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਮਾਮੂਲੀ ਜਮਾਂਦਰੂ ਨੁਕਸ ਸਮਝਿਆ ਜਾਂਦਾ ਹੈ; ਉਹ ਮੁੱਖ ਤੌਰ 'ਤੇ ਬੱਚੇ ਦੀ ਨੁਹਾਰ 'ਤੇ ਅਸਰ ਪਾਉਂਦੇ ਹਨ। ਇਨ੍ਹਾਂ ਵਿਚ ਚਿਹਰੇ ਦੇ ਨੈਣ-ਨਕਸ਼ ਸ਼ਾਮਲ ਹੋ ਸਕਦੇ ਹਨ, ਜਿਵੇਂ ਕਿ ਅੱਖਾਂ ਜ਼ਿਆਦਾ ਚੌੜੀਆਂ ਹੋਣਾ ਜਾਂ ਉਪਰਲੇ ਬੁੱਲ ਦਾ ਛੋਟਾ ਹੋਣਾ, ਜਾਂ ਉਂਗਲਾਂ ਅਤੇ ਨਹੁੰਆਂ ਦੀ ਸ਼ਕਲ ਵਿਚ ਥੋੜ੍ਹਾ ਜਿਹਾ ਫਰਕ ਹੋਣਾ। ਇਹ ਮਾਮੂਲੀ ਅਸਾਧਾਰਣਤਾਵਾਂ ਕੋਈ ਗੰਭੀਰ ਸਮੱਸਿਆਵਾਂ ਪੈਦਾ ਨਹੀਂ ਕਰਦੀਆਂ ਅਤੇ ਬੱਚੇ ਨੂੰ ਜ਼ਿਆਦਾ ਖਤਰੇ ਦਾ ਪੱਧਰ ਸਪਸ਼ਟ ਨਹੀਂ ਹੈ।

### ਕੀ ਮਿਰਗੀ ਦੀਆਂ ਕੁਝ ਦਵਾਈਆਂ ਬੱਚੇ ਲਈ ਕੁਝ ਹੋਰ ਦਵਾਈਆਂ ਨਾਲੋਂ ਜ਼ਿਆਦਾ ਖਤਰਨਾਕ ਹਨ?

ਸੀਜ਼ਰ ਲਈ ਵਰਤੀਆਂ ਜਾਂਦੀਆਂ ਸਾਰੀਆਂ ਆਮ ਦਵਾਈਆਂ ਜਮਾਂਦਰੂ ਨੁਕਸਾਂ ਨਾਲ ਜੋੜੀਆਂ ਗਈਆਂ ਹਨ। ਭਾਵੇਂ ਕਿ ਕੁਝ ਨਵੀਂਆਂ ਦਵਾਈਆਂ ਔਰਤਾਂ ਵਿਚ ਇੰਨੀ ਵੱਡੀ ਗਿਣਤੀ ਵਿਚ ਨਹੀਂ ਵਰਤੀਆਂ ਗਈਆਂ ਕਿ ਪੇਟ ਵਿਚ ਵਿਕਸਿਤ ਹੋ ਰਹੇ ਬੱਚੇ 'ਤੇ ਉਨ੍ਹਾਂ ਦਾ ਅਸਰ ਦਾ ਪਤਾ ਲੱਗ ਸਕੇ। ਵਾਲਪਰੌਏਟ ਵਸਤਾਂ ਵਾਲਪਰੌਏਟ ਐਸਿਡ ਅਤੇ ਡਾਈਵਲਪ੍ਰੋਐਕਸ ਅਤੇ ਕਾਰਬਾਮੈਜ਼ਾਪੀਨ (ਟੈਗਰੇਟੋਲ) ਰੀੜ੍ਹ ਦੀ ਹੱਡੀ ਦੇ ਨੁਕਸਾਂ ਨਾਲ ਜੋੜੀਆਂ ਗਈਆਂ ਹਨ। ਤਾਜ਼ਾ ਖੋਜ ਤੋਂ ਜਾਣਕਾਰੀ ਦੀ ਵਰਤੋਂ ਕਰਦੇ ਹੋਏ, ਵਾਲਪਰੌਇਕ ਐਸਿਡ (1-2 ਪ੍ਰਤੀਸ਼ਤ) ਤੋਂ ਖਤਰਾ ਕਾਰਬਾਮੈਜ਼ਾਪੀਨ ਨਾਲੋਂ ਜ਼ਿਆਦਾ (0.5 ਪ੍ਰਤੀਸ਼ਤ) ਲੱਗਦਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਸੀਜ਼ਰ ਦੀਆਂ ਦਵਾਈਆਂ ਲੈਣ ਵਾਲੀਆਂ ਮਾਂਵਾਂ ਦੇ ਬਹੁਤੇ ਬੱਚਿਆਂ ਵਿਚ ਰੀੜ੍ਹ ਦੀ ਹੱਡੀ ਦੇ ਨੁਕਸ ਜਾਂ ਕੋਈ ਹੋਰ ਜਮਾਂਦਰੂ ਨੁਕਸ ਵਿਕਸਿਤ ਨਹੀਂ ਹੋਏ। ਗਰਭ ਤੋਂ ਪਹਿਲਾਂ ਅਤੇ ਗਰਭ ਦੌਰਾਨ ਫੋਲਿਕ ਐਸਿਡ ਸਪਲੀਮੈਂਟ ਲੈਣ ਨਾਲ ਇਹ ਖਤਰਾ ਘੱਟ ਸਕਦਾ ਹੈ।

ਇਕ ਤਾਜ਼ਾ ਸਟੱਡੀ ਇਸ ਧਾਰਣਾ ਦੀ ਹਿਮਾਇਤ ਕਰਦੀ ਹੈ ਕਿ ਵਾਲਪਰੌਇਕ ਐਸਿਡ ਦੇ ਮਿਰਗੀ ਵਾਲੀਆਂ ਔਰਤਾਂ ਦੇ ਬੱਚਿਆਂ ਦੇ ਬੁੱਧੀ ਦੇ ਵਿਕਾਸ 'ਤੇ ਉਲਟ ਅਸਰ ਪੈਂਦੇ ਹਨ। ਇਸ ਸਟੱਡੀ ਨੇ ਬੱਚਿਆਂ ਦੇ ਵਿਕਾਸ 'ਤੇ 6 ਸਾਲਾਂ ਲਈ ਨਿਗ੍ਹਾ ਰੱਖੀ। ਗਰਭ ਦੌਰਾਨ ਵਾਲਪਰੌਇਕ ਐਸਿਡ ਲੈ ਰਹੀਆਂ ਔਰਤਾਂ ਦੇ ਬੱਚਿਆਂ ਦਾ ਆਈ ਕਿਊ ਉਮੀਦ ਨਾਲੋਂ ਘੱਟ ਸੀ। ਮਾਂ ਵਾਲਪਰੌਇਕ ਐਸਿਡ ਦੀ ਜਿੰਨੀ ਜ਼ਿਆਦਾ ਡੋਜ਼ 'ਤੇ ਸੀ ਇਹ ਓਨਾ ਹੀ ਜ਼ਿਆਦਾ ਮਹੱਤਵਪੂਰਨ ਸੀ। ਲੈਮੋਟਰੋਜੀਨ, ਫੈਨੇਟੋਇਨ ਅਤੇ ਕਾਰਬਾਮੈਜ਼ਾਪੀਨ ਲੈ ਰਹੀਆਂ ਔਰਤਾਂ ਦੇ ਬੱਚਿਆਂ ਵਿਚ ਆਈ ਕਿਊ 'ਤੇ ਇਹ ਅਸਰ ਦਿਖਾਈ ਨਹੀਂ ਦਿੱਤੇ। ਸਿਰਫ ਇਨ੍ਹਾਂ ਚਾਰ ਏ ਈ ਡੀਜ਼ 'ਤੇ ਸਟੱਡੀ ਕੀਤੀ ਗਈ ਸੀ।

ਵਾਲਪਰੌਇਕ ਐਸਿਡ ਨਾਲ ਸੰਬੰਧਿਤ ਇਹ ਸਾਰੀਆਂ ਲੱਭਤਾਂ ਇਸ ਤਾਜ਼ਾ ਸਿਫਾਰਸ਼ ਦੀ ਹਿਮਾਇਤ ਕਰਦੀਆਂ ਹਨ ਕਿ ਬੱਚਿਆਂ ਨੂੰ ਜਨਮ ਦੇਣ ਵਾਲੀਆਂ ਸੰਭਾਵੀ ਔਰਤਾਂ ਵਿਚ ਦਵਾਈ ਦੀ ਇਹ ਪਹਿਲੀ ਚੋਣ ਨਹੀਂ ਹੋਣੀ ਚਾਹੀਦੀ। ਪਰ, ਕੁਝ ਔਰਤਾਂ ਅਜਿਹੀਆਂ ਹਨ ਜਿਨ੍ਹਾਂ ਦੀ ਮਿਰਗੀ ਸਿਰਫ ਇਸ ਦਵਾਈ ਨਾਲ ਹੀ ਕੰਟਰੋਲ ਹੋਵੇਗੀ। ਇਹ ਪਤਾ ਲਾਉਣ ਲਈ ਆਪਣੇ ਨਿਊਰੋਲੋਜਿਸਟ ਨਾਲ ਕੰਮ ਕਰਨਾ ਮਹੱਤਵਪੂਰਨ ਹੈ ਕਿ ਤੁਹਾਡੇ ਲਈ ਕਿਹੜਾ ਸਭ ਤੋਂ ਵਧੀਆ ਫੈਸਲਾ ਹੈ।

### ਕੀ ਮੇਰੇ ਬੱਚੇ ਨੂੰ ਮਿਰਗੀ ਹੋਵੇਗੀ?

ਮਿਰਗੀ ਵਾਲੀਆਂ ਔਰਤਾਂ ਦੇ ਬੱਚਿਆਂ ਵਿਚ ਸੀਜ਼ਰ ਹੋਣ ਦਾ ਖਤਰਾ ਥੋੜ੍ਹਾ ਜਿਹਾ ਜ਼ਿਆਦਾ ਹੈ। ਜੇ ਗਰਭ ਦੌਰਾਨ ਮਾਂ ਨੂੰ ਬੇਕਾਬੂ ਸੀਜ਼ਰ ਹੁੰਦੇ ਹੋਣ ਤਾਂ ਖਤਰਾ ਜ਼ਿਆਦਾ ਦਿਖਾਈ ਦਿੰਦਾ ਹੈ, ਭਾਵੇਂ ਕਿ ਜਮਾਂਦਰੂ ਮਿਰਗੀ ਦੇ ਸਾਰੇ ਗੁੰਝਲਦਾਰ ਕਾਰਨਾਂ ਨੂੰ ਅਸੀਂ ਅਜੇ ਸਮਝ ਨਹੀਂ ਸਕੇ। ਜੇ ਤੁਹਾਡੇ ਵੱਡੇ ਪਰਿਵਾਰ ਵਿਚ ਹੋਰਨਾਂ ਲੋਕਾਂ ਨੂੰ ਮਿਰਗੀ ਹੈ ਤਾਂ ਤੁਹਾਡੇ ਬੱਚੇ ਨੂੰ ਇਹ ਪ੍ਰਵਿਰਤੀ ਵਿਰਸੇ ਵਿਚ ਮਿਲ ਸਕਦੀ ਹੈ।

### ਜੇ ਮੈ ਏ ਈ ਡੀਜ਼ ਲੈ ਰਹੀ ਹੋਵਾਂ ਤਾਂ ਕੀ ਮੇਰੇ ਬੱਚੇ ਨੂੰ ਦੁੱਧ ਚੁੰਘਾਉਣ ਦੇ ਕੋਈ ਖਤਰੇ ਹਨ?

ਬਹੁਤ ਸਾਰੇ ਮਾਹਰ ਇਸ ਗੱਲ ਨਾਲ ਸਹਿਮਤ ਹਨ ਕਿ ਭਾਵੇਂ ਤੁਸੀਂ ਏ ਈ ਡੀਜ਼ ਲੈ ਰਹੇ ਹੋਵੋ, ਦੁੱਧ ਚੁੰਘਾਉਣ ਦੇ ਫਾਇਦੇ ਸੰਭਾਵੀ ਖਤਰਿਆਂ ਨਾਲੋਂ ਕਿਤੇ ਜ਼ਿਆਦਾ ਹਨ।

ਸਾਰੀਆਂ ਏ ਈ ਡੀਜ਼ ਕੁਝ ਹੱਦ ਤੱਕ ਛਾਤੀ ਦੇ ਦੁੱਧ ਵਿਚ ਚਲੀਆਂ ਜਾਂਦੀਆਂ ਹਨ। ਇਹ ਬੱਚੇਦਾਨੀ ਵਿਚ ਬੱਚੇ ਦੇ ਦਵਾਈਆਂ ਦੇ ਸੰਪਰਕ ਵਿਚ ਆਉਣ ਨਾਲੋਂ ਘੱਟ ਪੱਧਰਾਂ 'ਤੇ ਹੁੰਦਾ ਹੈ। ਸਪਸ਼ਟ "ਸੁਰੱਖਿਅਤ" ਪੱਧਰ ਦਾ ਅਜੇ ਪਤਾ ਨਹੀਂ ਲੱਗਾ। ਕੁਝ ਏ ਈ ਡੀਜ਼ ਦੂਜੀਆਂ ਨਾਲੋਂ ਵੱਡੇ ਪੱਧਰ 'ਤੇ ਛਾਤੀ ਦੇ ਦੁੱਧ ਵਿਚ ਦਾਖਲ ਹੋ ਜਾਂਦੀਆਂ ਹਨ; ਪ੍ਰਾਇਮੀਡੋਨ, ਲੀਵੀਟਾਰੈਸੇਟਮ, ਟੋਪੀਰੀਮੇਟ, ਲੈਮੋਟਰੋਜੀਨ ਅਤੇ ਗੈਬਾਪੈਨਟੀਨ, ਵਾਲਪਰੌਇਕ ਐਸਿਡ, ਕਾਰਬਾਮੈਜ਼ਾਪੀਨ, ਫੈਨੇਟੋਇਨ ਅਤੇ ਫੀਨੋਬਾਰਬੀਟੋਲ ਨਾਲੋਂ ਵੱਡੇ ਪੱਧਰ 'ਤੇ ਦਾਖਲ ਹੁੰਦੀਆਂ ਹਨ। ਇਹ ਗੱਲ ਸਪਸ਼ਟ ਨਹੀਂ ਹੈ ਕਿ ਕੀ ਇਨ੍ਹਾਂ ਫਰਕਾਂ ਦਾ ਬੱਚੇ ਦੇ ਵਿਕਾਸ ਵਿਚ ਕਿੰਨਾ ਕੁ ਮਹੱਤਵ ਹੈ।

ਯਾਦ ਰੱਖੋ ਕਿ ਦੁੱਧ ਚੁੰਘਾਉਣ ਦਾ ਫੈਸਲਾ ਨਿੱਜੀ ਫੈਸਲਾ ਹੈ। ਆਪਣੇ ਅਤੇ ਆਪਣੇ ਬੱਚੇ ਲਈ ਸਭ ਤੋਂ ਵਧੀਆ ਫੈਸਲਾ ਕਰਨ ਲਈ ਤੁਹਾਨੂੰ ਇਸ ਬਾਰੇ ਆਪਣੇ ਨਿਊਰੋਲੋਜਿਸਟ ਅਤੇ/ਜਾਂ ਔਬਸਟੇਟਰੀਸ਼ਨ ਨਾਲ ਗੱਲ ਕਰਨੀ ਚਾਹੀਦੀ ਹੈ।

ਜਿਹੜੀ ਵੀ ਗਰਭਵਤੀ ਔਰਤ ਏ ਈ ਡੀਜ਼ ਲੈ ਰਹੀ ਹੈ, ਉਸ ਨੂੰ ਨੌਰਥ ਅਮੈਰੇਕਨ ਐਂਟੀ–ਐਪੀਲਿਪਟਿਕ ਡਰੱਗ (ਏ ਈ ਡੀ) ਪ੍ਰੈਗਨੈਂਸੀ ਰਜਿਸਟਰੀ ਵਿਚ ਨਾਂ ਲਿਖਾਉਣ ਲਈ ਉਤਸ਼ਾਹ ਦਿੱਤਾ ਜਾਂਦਾ ਹੈ। ਇਹ ਇਕ ਖੋਜ ਪ੍ਰੋਜੈਕਟ ਹੈ ਜਿਹੜਾ ਗਰਭ ਦੌਰਾਨ ਵਰਤੀਆਂ ਗਈਆਂ ਏ ਈ ਡੀਜ਼ ਦੇ ਅਸਰਾਂ ਦਾ ਪਤਾ ਲਾਉਣ ਵਿਚ ਮਦਦ ਲਈ ਡੈਟਾ ਇਕੱਠਾ ਕਰ ਰਿਹਾ ਹੈ। ਇਸ ਵਿਚ ਸ਼ਾਮਲ ਹੋਣ ਵਾਲੀਆਂ ਔਰਤਾਂ ਨੂੰ ਫੋਨ ’ਤੇ ਕੀਤੀਆਂ ਜਾਣ ਵਾਲੀਆਂ ਤਿੰਨ ਛੋਟੀਆਂ ਇੰਟਰਵਿਊਆਂ ਵਿਚ ਆਪਣੀ ਅਤੇ ਆਪਣੇ ਬੱਚੇ ਦੀ ਸਿਹਤ ਬਾਰੇ ਜਾਣਕਾਰੀ ਦੇਣ ਲਈ ਕਿਹਾ ਜਾਵੇਗਾ। ਤੁਸੀਂ 1-888-233-2334’ਤੇ ਫੋਨ ਕਰਕੇ ਇਸ ਵਿਚ ਸ਼ਾਮਲ ਹੋ ਸਕਦੇ ਹੋ। ਜ਼ਿਆਦਾ ਜਾਣਨ ਲਈ www.aedpregnancyregistry.org ’ਤੇ ਜਾਉ।

*ਹਵਾਲਿਆਂ ਵਿਚ Fetal Antiepileptic Drug Exposure and Cognitive Outcomes at Age 6 years (NEAD study): A Prospective Observational Study." (Meador et al. 2013) and the 2009 American Association of Neurology guidelines on the management of women with epilepsy during pregnancy ਸ਼ਾਮਲ ਹਨ।*

ਐਪੀਲੈਪਸੀ ਫਾਉਂਡੇਸ਼ਨ ਦੀ ਮਨਜ਼ੂਰੀ ਨਾਲ ਦੁਬਾਰਾ ਤਿਆਰ ਕੀਤਾ। ਜੂਨ 2013 ਵਿਚ ਵੰਡਣ ਲਈ ਮਨਜ਼ੂਰ ਕੀਤਾ (ਐੱਸ ਪੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**

**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**